# ਪੰਜਾਬੀ—104

## XII (ਬਾਰ੍ਹਵੀਂ)

## ਟਰਮ II ਪਰੀਖਿਆ ਲਈ

# ਨਮੂਨੇ ਦਾ ਪ੍ਰਸ਼ਨ-ਪੱਤਰ

## (ਮਾਰਚ-ਅਪ੍ਰੈਲ 2022)

**Time Allowed 2 Hrs** | **M.M. 40**

**ਸਮਾਂ ਦੋ ਘੰਟੇ** | **ਕੁੱਲ ਅੰਕ 40**

### ਆਮ ਨਿਰਦੇਸ਼

ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :

* ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਗਈ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
* ਲਿਖਾਈ ਸਾਫ਼ ਅਤੇ ਸ਼ੁੱਧ ਲਿਖੀ ਜਾਵੇ।
* ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ਼ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

## I. ਪ੍ਰਭਾਵਸ਼ਾਲੀ ਲਿਖਣ-ਕੌਸ਼ਲ 8+10=18

(1) ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ। ਭਾਰਤ ਜੀਵਨ ਬੀਮਾ ਨਿਗਮ ਨੂੰ ਆਪਣੀ ਯੋਗਤਾ ਦੱਸਦੇ ਹੋਏ ਬੀਮਾ-ਏਜੰਟ ਬਣਨ ਲਈ ਪੱਤਰ ਲਿਖੋ।

ਜਾਂ

ਆਪਣੇ ਜ਼ਿਲ੍ਹੇ ਦੇ ਆਮਦਨ-ਕਰ ਅਧਿਕਾਰੀ ਨੂੰ ਪੱਤਰ ਲਿਖੋ, ਜਿਸ ਵਿੱਚ ਤੁਹਾਡੇ ਵੱਲੋਂ ਵੱਧ ਜਮ੍ਹਾ ਕਰਵਾਇਆ ਗਿਆ ਟੈੱਕਸ-ਵਾਪਸ ਕਰਨ ਲਈ ਬੇਨਤੀ ਕੀਤੀ ਗਈ ਹੋਵੇ। 8

(2) ਦਿੱਤੇ ਗਏ **ਕਿਸੇ ਇੱਕ** ਵਿਸ਼ੇ 'ਤੇ ਪੈਰਾ-ਰਚਨਾ ਕਰੋ। (125 ਤੋਂ 150 **ਸ਼ਬਦ**) 10

ਡਿਕਸ਼ਨਰੀ ਦੀ ਵਰਤੋਂ

ਜਾਂ

ਨੈਤਿਕ ਕਦਰਾਂ-ਕੀਮਤਾਂ

## II. ਅਡਵਾਂਸ ਪੜ੍ਹਨ-ਕੌਸ਼ਲ (1+7)8

(3) ਹੇਠ ਦਿੱਤੇ ਗਏ **ਕਿਸੇ ਇੱਕ** ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਉਸ ਦਾ ਸਿਰਲੇਖ ਵੀ ਲਿਖੋ।

ਕਿਰਤ ਕਰਨਾ ਮਨੁੱਖ ਦੇ ਜੀਵਨ ਦਾ ਪ੍ਰਮੁੱਖ ਅੰਗ ਹੈ। ਉਸ ਦੇ ਜੀਵਨ ਦਾ ਬਹੁਤ ਵੱਡਾ ਹਿੱਸਾ ਕੰਮ ਕਰਨ ਵਿੱਚ ਗੁਜ਼ਰਦਾ ਹੈ। ਕੰਮ ਕਰਨਾ ਉਸ ਦੇ ਜੀਵਨ ਦਾ ਵੱਡਾ ਆਹਰ ਹੀ ਨਹੀਂ, ਸਗੋਂ ਵੱਡੀ ਲੋੜ ਹੈ। ਉਸ ਦੇ ਜੀਵਨ ਦਾ ਬਹੁਤਾ ਹਿੱਸਾ ਕੰਮ ਅਤੇ ਅਰਾਮ ਵਿੱਚ ਵੰਡਿਆ ਹੋਇਆ ਹੈ। ਅਰਾਮ ਅਤੇ ਵਿਹਲ

ਦੇ ਸਮੇਂ ਵਿੱਚ ਵੀ ਅਸੀਂ ਕੰਮ ਕਰਦੇ ਹਾਂ, ਕੇਵਲ ਪੂਰਨ ਅਰਾਮ ਤੇ ਨੀਂਦ ਦੀ ਹਾਲਤ ਵਿੱਚ ਹੀ ਸਾਨੂੰ ਕੋਈ ਕੰਮ ਨਹੀਂ ਕਰਨਾ ਪੈਂਦਾ। ਜੇ ਜ਼ਰਾ ਗਹੁ ਨਾਲ਼ ਵੇਖਿਆ ਜਾਵੇ, ਤਾਂ ਕੰਮ ਕਰਨਾ ਹੀ ਜ਼ਿੰਦਗੀ ਹੈ ਅਰਥਾਤ ਗਤੀ ਤੇ ਹਰਕਤ ਹੀ ਜੀਵਨ ਦਾ ਚਿੰਨ੍ਹ ਹੈ। ਬੇ-ਹਰਕਤ ਪਦਾਰਥ ਜਾਂ ਨਿਰਜਿੰਦ ਮਾਦਾ ਵਿੱਚ ਜੀਵਨ ਨਹੀਂ ਗਿਣਿਆ ਜਾ ਸਕਦਾ। ਮਨੁੱਖੀ ਜੀਵਨ ਦੀ ਗਤੀਸ਼ੀਲਤਾ, ਕੰਮਾਂ-ਕਾਜਾਂ ਨਾਲ਼ ਓਤ-ਪ੍ਰੋਤ ਹੈ ਅਥਵਾ ਇਹੀ ਉਹ ਦੀ ਪ੍ਰਗਤੀ ਦਾ ਪ੍ਰਤੀਕ ਤੇ ਪ੍ਰਮਾਣ ਹੈ।

**ਜਾਂ**

ਆਮ ਜ਼ਿੰਦਗੀ ਵਿਚ ਵੀ ਵੇਖਿਆ ਜਾਵੇ ਤਾਂ ਕਈ ਆਦਮੀ ਬੜੇ ਸਾਊ ਕਿਸਮ ਦੇ ਹੁੰਦੇ ਹਨ, ਇਹ ਚੰਗੀ ਪਰਵਰਿਸ਼ ਦਾ ਨਤੀਜਾ ਹੈ। ਪਰ ਕਈਆਂ ਦੀ ਤਬੀਅਤ ਪੂਰੀ ਚੰਗਿਆੜਿਆਂ ਵਰਗੀ ਹੁੰਦੀ ਹੈ, ਉਹਨਾਂ ਦਾ ਬਚਪਨ ਜ਼ਰੂਰ ਕੁੱਝ ਤਰੁੱਟੀਆਂ ਜਾਂ ਹੀਣ-ਭਾਵਨਾਵਾਂ ਦਾ ਸ਼ਿਕਾਰ ਹੋਵੇਗਾ। ਸਿਆਣਿਆਂ ਦਾ ਕਥਨ ਹੈ, "ਜਿਸ ਨੇ ਬਚਪਨ ਵਿੱਚ ਭੁੱਖ ਵੇਖੀ ਹੋਵੇ ਉਸ ਦੀ ਨੀਅਤ ਸਾਰੀ ਉਮਰ ਹੀ ਨਹੀਂ ਰੱਜਦੀ।" ਇਸੇ ਤਰ੍ਹਾਂ ਜੋ ਬਚਪਨ ਪਿਆਰ-ਵਿਹੂਣਾ ਹੁੰਦਾ ਹੈ ਉਹ ਸਾਰੀ ਉਮਰ ਸਮਾਜ ਨੂੰ ਗੁੱਸੇ ਅਤੇ ਨਿਰਾਸ਼ਾ ਬਿਨਾਂ ਹੋਰ ਕੁੱਝ ਨਹੀਂ ਦੇ ਸਕਦਾ। ਇਸੇ ਕਰਕੇ ਸਿਆਣਿਆਂ ਨੇ ਸਮਾਜ ਦੀ ਰਚਨਾ ਕੀਤੀ। ਸਮਾਜ ਨੇ ਪਰਿਵਾਰ ਦੀ, ਘਰ ਦੀ, ਜੋ ਸਕੂਨ ਦਾ ਦੂਸਰਾ ਨਾਂ ਹੈ। ਖ਼ਾਸ ਕਰ ਪਰਿਵਾਰ ਅਤੇ ਮਾਂ-ਬਾਪ ਦੀ ਜ਼ੁੰਮੇਵਾਰੀ ਸਭ ਤੋਂ ਵੱਡੀ ਹੁੰਦੀ ਹੈ। ਉਹਨਾਂ ਦੀ ਸਿਆਣਪ ਅਤੇ ਜੀਵਨ-ਸ਼ੈਲੀ ਬੱਚੇ ਨੂੰ ਸਰਬ-ਕਲਾ ਸੰਪੂਰਨ ਬਣਾਉਂਦੀ ਹੈ। ਥੋੜ੍ਹੀ ਜਿਹੀ ਲਾਪਰਵਾਹੀ ਬੱਚੇ 'ਚ ਸਾਰੀ ਉਮਰ ਲਈ ਹੀਣ-ਭਾਵਨਾ ਭਰ ਦਿੰਦੀ ਹੈ, ਇਹੀ ਲਾਪਰਵਾਹੀ ਬੱਚੇ ਨੂੰ ਬੁਰੀ ਸੰਗਤ ਵੱਲ ਵੀ ਧੱਕ ਦਿੰਦੀ ਹੈ। ਇਸ ਵਿੱਚ ਮਾਂ ਦੀ ਜ਼ੁੰਮੇਵਾਰੀ ਸਭ ਤੋਂ ਜ਼ਿਆਦਾ ਹੁੰਦੀ ਹੈ, ਹਾਲਾਂਕਿ ਬਾਕੀ ਪਰਿਵਾਰ ਦਾ ਕੋਈ ਮੈਂਬਰ ਵੀ ਮਾਫ਼ੀ ਦਾ ਹੱਕਦਾਰ ਨਹੀਂ ਹੁੰਦਾ। ਦੁਨੀਆਂ ਦੇ ਇਤਿਹਾਸ ਵਿੱਚ ਜਿੰਨੇ ਵੀ ਮਹਾਨ ਪੁਰਖ ਹੋਏ ਹਨ ਜਾਂ ਜਿੰਨੇ ਵੀ ਮਾੜੀ (ਖਲਨਾਇਕ) ਕਿਸਮ ਦੇ ਆਦਮੀ ਹੋਏ ਹਨ, ਉਹਨਾਂ ਬਾਰੇ ਪੂਰੀ ਜਾਣਕਾਰੀ ਇਕੱਠੀ ਕੀਤੀ ਜਾਵੇ ਤਾਂ ਇਹ ਤੱਥ ਪ੍ਰਮੁੱਖ ਤੌਰ 'ਤੇ ਸਾਹਮਣੇ ਆਉਂਦੇ ਹਨ ਕਿ ਉਹਨਾਂ ਦੇ ਚੰਗੇ ਜਾਂ ਮਾੜੇ ਬਣਨ ਵਿੱਚ ਉਹਨਾਂ ਦੇ ਮਾਂ-ਬਾਪ, ਪਰਿਵਾਰ ਅਤੇ ਸੰਗਤ ਦਾ ਹੀ ਹੱਥ ਹੁੰਦਾ ਹੈ।

## III. ਸਾਹਿਤ (ਪਾਠ-ਪੁਸਤਕ ਆਧਾਰਿਤ ਪ੍ਰਸ਼ਨ, ਚੋਣ ਅਧਾਰਿਤ) 14

**ਕਵਿਤਾਵਾਂ ਵਿੱਚੋਂ** (**ਕਿਸੇ ਦੋ** ਪ੍ਰਸ਼ਨਾਂ ਦੇ **ਉੱਤਰ** 20-25 **ਸ਼ਬਦਾਂ** ਵਿੱਚ ਲਿਖੋ) (2X2)4

(4) **'ਜੰਗ ਵਿੱਚੋਂ ਲੜ ਕੇ ਸਿਪਾਹੀ ਮੇਰੇ ਆਉਣਗੇ'**, ਇਸ ਤੁਕ ਵਿੱਚ ਕਵੀ ਜੰਗ ਵਿੱਚੋਂ ਕਿਸ ਦੇ ਆਉਣ ਬਾਰੇ ਕਹਿੰਦਾ ਹੈ?

(5) ਕਵਿਤਾ ਵਿੱਚ **'ਲਹੂ ਭਿੱਜੀ ਘੋੜੀ ਭੁੱਬਾਂ ਮਾਰਦੀ'** ਤੋਂ ਕੀ ਭਾਵ ਹੈ?

(6) **ਮੇਰਾ ਬਚਪਨ ਕਵਿਤਾ ਵਿੱਚ ਕਵੀ ਦੀ ਮਾਂ ਕੀ ਕੁਰਲਾਉਂਦੀ ਹੈ?**

(7) **ਕਵੀ ਆਪਣੀ ਮਾਂ ਬਾਰੇ ਕੀ ਭਾਵ ਪੇਸ਼ ਕਰਦਾ ਹੈ?**

**ਕਹਾਣੀ ਵਿੱਚੋਂ** (**ਕਿਸੇ ਇੱਕ** ਪ੍ਰਸ਼ਨ ਦਾ ਉੱਤਰ 30-35 **ਸ਼ਬਦਾਂ** ਵਿੱਚ ਲਿਖੋ) (4X1)4

(8) **ਲੇਖਕ ਦੀ ਪਤਨੀ ਬੇਚੈਨ ਕਿਉਂ ਹੋ ਰਹੀ ਸੀ?**

(9) ਲੇਖਕ ਦੇ ਰਿਕਸ਼ੇ ਵਾਲ਼ੇ ਪ੍ਰਤੀ ਕੀ ਵਿਚਾਰ ਸਨ?

**ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ** (ਕਿਸੇ ਦੋ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਲਿਖੋ) (3X2)6

(10) ਪੰਜਾਬ ਦੇ ਬਹੁਤੇ ਸੰਸਕਾਰ ਕਿਨ੍ਹਾਂ ਰਾਹੀਂ ਨੇਪਰੇ ਚੜ੍ਹ ਜਾਂਦੇ ਹਨ ਅਤੇ ਕਿਉਂ?

(11) ਸਾਹੇ ਦੀ ਚਿੱਠੀ ਕੌਣ ਤੇ ਕਿਵੇਂ ਭੇਜਦੇ ਹਨ?

(12) ਖੇਡਣਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ। 'ਪੰਜਾਬ ਦੀ ਲੋਕ-ਖੇਡਾਂ' ਪਾਠ ਦੇ ਆਧਾਰ ਤੇ ਸਪਸ਼ਟ ਕਰੋ।

(13) ਪੰਜਾਬ ਦੀ ਕਿਸੀ ਇੱਕ 'ਲੋਕ-ਖੇਡ' ਬਾਰੇ ਜਾਣਕਾਰੀ ਦਿਓ—ਸੌਚੀ ਪੱਕੀ, ਕਬੱਡੀ, ਖਿੱਦੋ-ਕੂੰਡੀ